
ਜਮਾਤ -ਅੱਠਵੀਂ

## ਪਾਠ-12 ਪੰਜਾਬ ਦਾ ਸੁਪਨਸਾਜ਼ ਡਾ.ਮਹਿੰਦਰ ਸਿੰਘ ਰੰਧਾਵਾ

ਸਾਹਿਤ ਰੂਪ-ਜੀਵਨੀ

ਲੇਖਕ- ਸ੍ਰੀ ਜਨਕਰਾਜ ਸਿੰਘ



**ਪ੍ਰਸ਼ਨ (ੳ) ਡਾ.ਮਹਿੰਦਰ ਸਿੰਘ ਰੰਧਾਵਾ ਕਿੱਥੋਂ ਦੇ ਜੰਮ-ਪਲ਼ ਸਨ? ਉਹਨਾਂ ਨੇ ਕਿਹੜੀ-ਕਿਹੜੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ?**

ਉੱਤਰ- ਡਾ.ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਜੰਮ-ਪਲ਼ ਸਨ।ਉਹਨਾਂ ਨੇ ਲਾਹੌਰ ਤੋਂ ਐੱਮ.ਐੱਸ.ਸੀ ਕਰਨ ਪਿੱਛੋਂ ਲੰਡਨ ਤੋਂ ਆਈ.ਸੀ.ਐੱਸ.ਦੀ ਪ੍ਰਤੀਯੋਗਿਤਾ ਪਾਸ ਕੀਤੀ।

**ਪ੍ਰਸ਼ਨ (ਅ) ਇੱਕ ਅਧਿਕਾਰੀ ਵਜੋਂ ਡਾ.ਰੰਧਾਵਾ ਕਿਹੜੇ-ਕਿਹੜੇ ਮੁੱਖ ਅਹੁਦਿਆਂ 'ਤੇ ਸ਼ਸੋਭਿਤ ਰਹੇ?**

ਉੱਤਰ- ਇੱਕ ਅਧਿਕਾਰੀ ਵਜੋਂ ਡਾ. ਰੰਧਾਵਾ ਪੰਜਾਬ ਦੇ ਵਿਕਾਸ ਕਮਿਸ਼ਨਰ, ਚੰਡੀਗੜ੍ਹ ਦੇ ਮੁੱਖ ਕਮਿਸ਼ਨਰ ਅਤੇ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ-ਕੁਲਪਤੀ ਜਿਹੇ ਮਹੱਤਵਪੂਰਨ ਅਹੁਦਿਆਂ'ਤੇ ਸ਼ਸੋਭਿਤ ਰਹੇ।




**ਪ੍ਰਸ਼ਨ (ੲ) ਪੰਜਾਬ ਵਿੱਚ ਖੇਤੀ-ਬਾੜੀ ਨੂੰ ਉੱਨਤ ਕਰਨ ਲਈ ਡਾ.ਰੰਧਾਵਾ ਦਾ ਕੀ ਯੋਗਦਾਨ ਹੈ?**

ਉੱਤਰ- ਡਾ. ਰੰਧਾਵਾ ਨੇ ਖੇਤੀ ਦੇ ਵਿਗਿਆਨਕ ਢੰਗਾਂ ਦੀ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਈ।ਆਪ ਨੇ ਕਿਸਾਨਾਂ ਦੀ ਸਹੂਲਤ ਤੇ ਸਿਖਲਾਈ ਲਈ ਯੂਨੀਵਰਸਿਟੀ ਵਿੱਚ ਇੱਕ ਵਿਭਾਗ ਅਤੇ 'ਕਿਸਾਨ ਮੇਲੇ' ਆਰੰਭ ਕੀਤੇ।


**ਪ੍ਰਸ਼ਨ (ਸ) ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿੱਚ ਕਿਉਂ ਪ੍ਰਸਿੱਧ ਹੋਏ?**

ਉੱਤਰ- ਡਾ. ਮਹਿੰਦਰ ਸਿੰਘ ਰੰਧਾਵਾ ਨੇ ਭਾਰਤ ਦੀ ਖੇਤੀਬਾੜੀ ਦੇ ਇਤਿਹਾਸ ਤੋਂ ਇਲਾਵਾ ਪੰਜਾਬ,ਹਰਿਆਣਾ,ਹਿਮਾਚਲ,ਕੁੱਲੂ ਤੇ ਕਾਂਗੜਾ ਦੇ ਲੋਕ ਗੀਤ ਲੋਕਾਂ ਦੇ ਅੰਦਾਜ਼ ਵਿੱਚ ਲਿਖੇ। ਇਸ ਕਰਕੇ ਉਹ ਸਾਹਿਤ ਦੇ ਖੇਤਰ ਵਿੱਚ ਪ੍ਰਸਿੱਧ ਹੋਏ।



**ਪ੍ਰਸ਼ਨ (ਹ) ਵਿਗਿਆਨ ਦੇ ਖੇਤਰ ਨਾਲ਼ ਡਾ.ਰੰਧਾਵਾ ਦਾ ਨਾਂ ਕਿਵੇਂ ਜੁੜਿਆ ਹੋਇਆ ਹੈ?**

ਉੱਤਰ- ਐੱਮ.ਐੱਸ.ਸੀ.ਪਾਸ ਹੋਣ ਕਰਕੇ ਡਾ.ਰੰਧਾਵਾ ਇੱਕ ਵਿਗਿਆਨੀ ਸਨ।ਬਨਸਪਤੀ ਵਿਗਿਆਨ ਸਬੰਧੀ ਖੋਜ ਕਰਨ 'ਤੇ ਚੰਡੀਗੜ੍ਹ ਯੂਨੀਵਰਸਿਟੀ ਨੇ ਆਪ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ।ਇਸ ਤਰ੍ਹਾਂ ਆਪ ਦਾ ਨਾਂ ਵਿਗਿਆਨ ਦੇ ਖੇਤਰ ਨਾਲ਼ ਜੁੜਿਆ ਹੋਇਆ ਹੈ।




**ਪ੍ਰਸ਼ਨ (ਕ) ਡਾ.ਮਹਿੰਦਰ ਸਿੰਘ ਰੰਧਾਵਾ ਦੀ ਸੋਚ ਤੇ ਸੁਭਾਅ ਬਾਰੇ ਪਾਠ ਵਿੱਚ ਕੀ ਦੱਸਿਆ ਗਿਆ ਹੈ?**

ਉੱਤਰ- ਡਾ.ਰੰਧਾਵਾ ਠੇਠ ਪੰਜਾਬੀ ਬੋਲ਼ਦੇ ਸਨ।ਆਲਸ ਨੂੰ ਕਦੇ ਆਪਣੇ ਨੇੜੇ ਨਹੀਂ ਆਉਣ ਦਿੰਦੇ ਸਨ।ਉਹਨਾਂ ਪਾਸ ਆਪਣੇ ਸਹਿਯੋਗੀਆਂ ਤੋਂ ਕੰਮ ਲੈਣ ਦਾ ਹੁਨਰ ਸੀ।ਕਲਾਕਾਰਾਂ,ਲੇਖਕਾਂ ਤੇ ਬੁੱਧੀਜੀਵੀਆਂ ਦੀ ਉਹ ਬਹੁਤ ਕਦਰ ਕਰਦੇ ਸਨ।

**ਪ੍ਰਸ਼ਨ (ਖ) ਪੰਜਾਬ ਨੂੰ ਸੋਹਣਾ ਬਣਾਉਣ ਲਈ ਲਈ ਡਾ.ਰੰਧਾਵਾ ਨੇ ਕੀ ਜਤਨ ਕੀਤੇ?**

ਉੱਤਰ- ਡਾ. ਰੰਧਾਵਾ ਜਦੋਂ ਪੰਜਾਬ ਦੇ ਵਿਕਾਸ ਕਮਿਸ਼ਨਰ ਬਣੇ ਤਾਂ ਉਹਨਾਂ ਦਾ ਇਰਾਦਾ ਸੀ ਕਿ ਕਿਸਾਨਾਂ ਦੇ ਖੇਤਾਂ ਵਿੱਚ ਹੀ ਫੁੱਲਾਂ ਨਾਲ ਲੱਦੇ ਘਰ ਹੋਣ ਤੇ ਹਰ ਪਿੰਡ ਵਿੱਚ ਮਸ਼ੀਨਾਂ ਦੀ ਮੁਰੰਮਤ ਦੀ ਸਹੂਲ਼ਤ ਹੋਵੇ।ਇਸ ਮੰਤਵ ਲਈ ਉਹਨਾਂ ਨੇ ਕਈ ਪ੍ਰੋਗਰਾਮ ਚਲਾਏ ਅਤੇ ਫ਼ਲਾਂ, ਫੁੱਲਾਂ ਦੀ ਖੋਜ ਵਿੱਚ ਵੱਡਾ ਯੋਗਦਾਨ ਪਾਇਆ।



**ਪ੍ਰਸ਼ਨ (ਗ) ਡਾ. ਰੰਧਾਵਾ ਨੇ ਲੁਧਿਆਣਾ ਵਿਖੇ "ਪੇਂਡੂ ਅਜਾਇਬ ਘਰ" ਕਿਸ ਮਨੋਰਥ ਨਾਲ਼ ਸਥਾਪਿਤ ਕੀਤਾ?**

ਉੱਤਰ- ਡਾ. ਰੰਧਾਵਾ ਨੇ ਪੁਰਾਤਨ ਸੱਭਿਆਚਾਰ ਨੂੰ ਸੰਭਾਲਣ ਲਈ ਲੁਧਿਆਣਾ ਵਿਖੇ ਪੇਂਡੂ ਅਜਾਇਬ ਘਰ ਸਥਾਪਿਤ ਕੀਤਾ।ਇਸ ਵਿੱਚ ਪਿੰਡਾਂ ਵਿੱਚ ਵਰਤੀਆਂ ਜਾਂਦੀਆਂ ਰਸੋਈ ਦੀਆਂ ਚੀਜ਼ਾਂ,ਛੰਨੇ,ਮਿੱਟੀ ਦੀਆਂ ਟਿੰਡਾਂ,ਚੁਵੱਕਲੀ,ਬੈੜ,ਦਰੀਆਂ,ਫੁਲਕਾਰੀਆਂ ਤੇ ਬਾਗ਼ ਰੱਖੇ ਗਏ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਨੂੰ ਵੇਖ ਸਕਣ।



**ਪ੍ਰਸ਼ਨ (ਘ) ਚੰਡੀਗੜ੍ਹ ਨੂੰ ਡਾ. ਰੰਧਾਵਾ ਦੀ ਕੀ ਦੇਣ ਹੈ?**

ਉੱਤਰ- ਜੇਕਰ ਚੰਡੀਗੜ੍ਹ ਅੱਜ ਏਨਾ ਸੋਹਣਾ ਹੈ ਤਾਂ ਇਹ ਡਾ. ਰੰਧਾਵਾ ਸਦਕਾ ਹੀ ਹੈ।ਉਹਨਾਂ ਨੇ ਰੋਜ਼-ਗਾਰਡਨ ਵਿੱਚ ਲਾਉਣ ਲਈ ਹਜ਼ਾਰ ਤੋਂ ਵੱਧ ਗੁਲਾਬ ਦੀਆਂ ਕਿਸਮਾਂ ਅਤੇ ਸੜਕਾਂ ਦੁਆਲ਼ੇ ਲਾਉਣ ਲਈ ਸਜਾਵਟੀ ਬੂਟੇ ਦੂਰ-ਦੁਰਾਡੇ ਦੀਆਂ ਧਰਤੀਆਂ ਤੋਂ ਮੰਗਵਾ ਕੇ ਲਗਵਾਏ।

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬਹੁਪੱਖੀ | : | ਕਈ ਪੱਖਾਂ ਜਾਂ ਪਹਿਲੂਆਂ ਵਾਲ਼ੀ |
| ਕਾਰਜ-ਖੇਤਰ | : | ਕੰਮ-ਕਾਜ ਦਾ ਦਾਇਰਾ |
| ਅੰਦਾਜ਼ | : | ਤੌਰ-ਤਰੀਕਾ |
| ਪ੍ਰਤਿਯੋਗਤਾ | : | ਮੁਕਾਬਲਾ |
| ਵਿਕਾਸ | : | ਤਰੱਕੀ, ਉੱਨਤੀ |
| ਯੋਗਦਾਨ | : | ਦੇਣ, ਸਹਿਯੋਗ |
| ਹੁਨਰ | : | ਕਿਸੇ ਕੰਮ ਵਿੱਚ ਮੁਹਾਰਤ, ਕਲਾ, ਕਾਰੀਗਰੀ |
| ਪ੍ਰਮਾਣਿਕ | : | ਸਹੀ, ਜਿਸ ਲਈ ਕੋਈ ਪ੍ਰਮਾਣ ਹੋਵੇ |
| ਵਿਸ਼ਾਲ | : | ਵੱਡਾ |
| ਸਿਰਜਣਾ | : | ਰਚਨਾ, ਬਣਾਉਣਾ, ਉਤਪੰਨ |
| ਪਸਾਰ | : | ਫੈਲਾਅ, ਖਿਲਾਰ, ਵਿਸਥਾਰ |

3. ਹੇਠ ਲ਼ਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:-

1. ਸਸ਼ੋਭਿਤ – ਸਾਡੇ ਪਿੰਡ ਦੀ ਫ਼ਿਰਨੀ 'ਤੇ ਗੁਰੂ ਘਰ ਸ਼ਸੋਭਿਤ ਹੈ।
2. ਖ਼ਲਕਤ– ਮੇਲੇ ਵਿੱਚ ਬਹੁਤ ਖ਼ਲਕਤ ਆਈ ਹੋਈ ਸੀ।
3. ਸਹੂਲਤ – ਸਾਡੇ ਸਕੂਲ ਵਿੱਚ ਪੀਣ ਲਈ ਸਾਫ਼ ਪਾਣੀ ਦੀ ਸਹੂਲਤ ਹੈ।
4. ਉਪਰਾਲੇ – ਪਿੰਡ ਦੀ ਪੰਚਾਇਤ ਪਿੰਡ ਵਿੱਚ ਸਫ਼ਾਈ ਲਈ ਵਧੀਆ ਉਪਰਾਲੇ ਕਰ ਰਹੀ ਹੈ।
5. ਪ੍ਰਤਿਭਾ – ਕਮਲ ਦੀ ਪ੍ਰਤਿਭਾ ਵੇਖ ਕੇ ਸਾਰੇ ਅਧਿਆਪਕ ਪ੍ਰਭਾਵਿਤ ਸਨ।
6. ਵਾਗ-ਡੋਰ– ਦੇਸ਼ ਦੀ ਵਾਗ-ਡੋਰ ਪ੍ਰਧਾਨ-ਮੰਤਰੀ ਜੀ ਦੇ ਹੱਥ ਹੁੰਦੀ ਹੈ।
7. ਸੁਹਿਰਦਤਾ– ਸਾਨੂੰ ਹਰ ਕੰਮ ਸੁਹਿਰਦਤਾ ਨਾਲ਼ ਕਰਨਾ ਚਾਹੀਦਾ ਹੈ।
8. ਸਹਿਯੋਗੀ – ਮੇਰੇ ਸਾਰੇ ਸਹਿਯੋਗੀ ਬਹੁਤ ਵਧੀਆ ਹਨ।
9. ਰੁਜ਼ਗਾਰ – ਕਰੋਨਾ ਨੇ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਠੱਪ ਕਰ ਦਿੱਤਾ ਹੈ।
10. ਸ਼ਖ਼ਸੀਅਤ – ਡਾ.ਰੰਧਾਵਾ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ
11. ਤਾੜਨਾ– ਅਧਿਆਪਕ ਜੀ ਨੇ ਸਾਨੂੰ ਸਮੇਂ-ਸਿਰ ਕੰਮ ਪੂਰਾ ਕਰਨ ਲਈ ਤਾੜਨਾ ਕੀਤੀ।
12. ਰਿਣੀ– ਅਸੀਂ ਦੇਸ਼-ਭਗਤਾਂ ਦੇ ਸਦਾ ਰਿਣੀ ਹਾਂ।

ਪੰਜਾਬ ਸਕੂਲ ਸਿੱਖਿਆ ਵਿਭਾਗ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ ਸਕੂਲ,ਦੇਧਨਾ
99886-43700

ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।